Navjot Kaur

# ਸ਼ੇਖ ਫਰੀਦ ਜੀ ਦੀ ਵਿਚਾਰਧਾਰਾ

ਹਜ਼ਰਤ ਬਾਬਾ ਸ਼ੇਖ ਫਰੀਦ ਜੀ ਚਿਸ਼ਤੀ ਸੰਪਰਦਾਇ ਦੇ ਅਨੁਯਾਈ ਸਨ। ਫਰੀਦ ਜੀ ਨੂੰ ਸੂਫੀ ਭਗਤ ਅਤੇ ਪੰਜਾਬੀ ਸਾਹਿਤ ਵਿੱਚ ਬਹੁਤ ਉੱਚਾ ਮੁਕਾਮ ਪ੍ਰਾਪਤ ਹੈ। ਇਸ ਕਰਕੇ ਆਪ ਨੂੰ ਪੰਜਾਬੀ ਸਾਹਿਤ ਦੇ ਪਿਤਾਮਾ ਹੋਣ ਦਾ ਮਾਣ ਪ੍ਰਾਪਤ ਹੈ। ਆਪ ਦੇ 112 ਸ਼ਲੋਕ ਅਤੇ ਚਾਰ ਸ਼ਬਦ (ਦੋ ਰਾਗ ਸੂਹੀ, ਦੋ ਰਾਗ ਆਸਾ) 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ।

"(ਸ਼ੇਖ ਫਰੀਦ ਜੀ ਦੀ ਵਿਚਾਰਧਾਰਾ ਦੀ ਚਰਚਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਆਪ ਨੇ ਕੋਈ ਵੱਖਰੇ ਸਿਧਾਂਤ ਨਹੀਂ ਦਿੱਤੇ ਸਗੋਂ ਅਨੁਭਵ ਦੇ ਪੱਧਰ ਤੇ ਸਾਧਨਾ ਦੇ ਮਾਰਗ ਦੀ ਗੱਲ ਕਰਦੇ ਹਨ।)" ਫਰੀਦ ਜੀ ਦੀ ਬਾਣੀ ਅਸਗਾਹ ਗਿਆਨ ਦਾ ਖਜ਼ਾਨਾ ਹੈ, ਜੋ ਜੀਵਾਤਮਾ ਨੂੰ ਪਰਮਾਤਮਾ ਦੇ ਲੜ ਲੱਗਣ ਲਈ ਥਾਂ ਥਾਂ ਪ੍ਰੇਰਦੀ ਹੈ। ਫਰੀਦ ਜੀ ਦੀ ਰਚਨਾ ਦੋ ਪੱਖਾਂ ਉੱਤੇ ਪ੍ਰਮੁੱਖ ਜ਼ੋਰ ਦਿੰਦੀ ਹੈ, ਪਹਿਲਾ ਪੱਖ ~~ਵਿਚ~~ [illegible] ਇਸ਼ਕ ਦੀ ਸੰਪੂਰਨਤਾ ਅਤੇ ਦੂਜਾ ਪੱਖ ਸਦਾਚਾਰਕ ਜੀਵਨ ਉੱਤੇ ਜ਼ੋਰ ਦਿੰਦਾ ਹੈ। ਅਸਲ ਵਿਚ ਉਨ੍ਹਾਂ ਦੀ ਕਵਿਤਾ ਜੀਵਨ ਦਰਸ਼ਨ ਦਾ ਕੰਮ ਕਰਦੀ ਹੈ। ਫਰੀਦ ਜੀ ਬਾਰੇ ਪ੍ਰੋ. ਸਰ ਹੈਮਿਲਟਨ ਗਿੱਬ ਲਿਖਦੇ ਹਨ,

> "Baba Farid is a seminal personality in the development of the Islamic mystical movement in India."

(ਸੂਫੀਮਤ ਅਤੇ ਪੰਜਾਬੀ ਸੂਫੀ ਕਾਵਿ /114)

ਫਰੀਦ ਜੀ ਦੀ ਸ਼ਖਸੀਅਤ ਅਸਲ ਅਰਥਾਂ ਵਿੱਚ ਧਾਰਮਿਕ, ਠੀਕ ਆਸ਼ੇ ਦੀ ਸੂਫੀਵਾਦੀ, ਪੂਰਨ ਸ਼ਾਂਤ ਰਹੱਸਵਾਦੀ

ਅਤੇ ਆਪਣੇ ਸਮੇਂ ਦੀ ਬੇਮਿਸਾਲ ਸ਼ਖਸੀਅਤ ਸੀ।
ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ,

> "ਬਾਬਾ ਫਰੀਦ ਫਕੀਰੀ, ਦਰਵੇਸ਼ੀ, ਨਿਮਰਤਾ, ਸਿਦਕ, ਤਪ, ਭਗਤੀ, ਨਿਸ਼ਕਾਮਤਾ ਵਿਚ ਤਾਂ ਨਿਪੁੰਨ ਸਨ ਹੀ, ਸਗੋਂ ਉਹਨਾਂ ਨੇ ਆਪਣੀ ਜ਼ਿੰਦਗੀ ਦੀ ਹਰ ਘੜੀ ਨੂੰ ਲੋਕ-ਸੇਵਾ, ਲੋਕ ਭਲਾਈ, ਪਰਉਪਕਾਰ ਤੇ ਮਨੁੱਖਤਾ ਪ੍ਰਤੀ ਸੱਚੀ ਹਮਦਰਦੀ ਪ੍ਰਗਟਾਉਣ ਉਤੇ ਲਾਇਆ।"

(ਸੂਫੀ ਮਤ ਤੇ ਪੰਜਾਬੀ ਸੂਫੀ ਕਾਵਿ / 79)

ਇਹੋ ਹੀ ਕਾਰਨ ਹੈ ਕਿ ਉਨਾਂ ਦੀ ਬਾਣੀ ਪੰਜਾਬ ਦੇ ਵਸਨੀਕਾਂ ਨੂੰ ਸਦੀਆਂ ਤੋਂ ਸਹਾਰਾ ਦਿੰਦੀ ਚਲੀ ਆ ਰਹੀ ਹੈ ਤੇ ਅੱਜ ਵੀ ਉਸੇ ਤਰ੍ਹਾਂ ਪਥ-ਪ੍ਰਦਰਸ਼ਨ ਦਾ ਕੰਮ ਦੇ ਰਹੀ ਹੈ।

**ਫਰੀਦ ਜੀ ਦੀ ਵਿਚਾਰਧਾਰਾ:** ਫਰੀਦ ਬਾਣੀ ਵਿਚੋਂ ਉਹਨਾਂ ਦੀ ਬਹੁਪੱਖੀ ਵਿਚਾਰਧਾਰਾ ਉਜਾਗਰ ਹੁੰਦੀ ਹੈ। ਉਨਾਂ ਦੀ ਰਚਨਾ ਵਿਚੋਂ ਪਰਮਾਤਮਾ ਦਾ ਸਰੂਪ, ਪ੍ਰਭੂ-ਪ੍ਰਾਪਤੀ, ਪ੍ਰਮਾਤਮਾ ਨਾਲ ਪ੍ਰੇਮ, ਮੁਰਸ਼ਦ ਦੀ ਲੋੜ, ਸ਼ਰੀਅਤ ਦੀ ਪਾਬੰਦੀ, ਨੈਤਿਕਤਾ ਅਤੇ ਸਦਾਚਾਰਕ ਸਿੱਖਿਆ, ਪ੍ਰਭੂ ਦੀ ਰਜ਼ਾ ਵਿਚ ਰਹਿਣ, ਨਿਰਾਸ਼ਾਵਾਦੀ ਕਿ ਆਸ਼ਾਵਾਦੀ ਸਰੂਪ, ਮੌਤ ਦਾ ਸੰਕਲਪ, ਆਪੇ ਦੀ ਪਹਿਚਾਣ, ਸਹਿਨਸ਼ੀਲਤਾ ਤੇ ਨਿਮਰਤਾ, ਸਾਦਗੀ ਪਸੰਦੀ ਆਦਿ ਵਿਸ਼ੇ ਦ੍ਰਿਸ਼ਟੀਗੋਚਰ ਹੁੰਦੇ ਹਨ। ਹਰੇਕ ਵਿਸ਼ੇ ਦੀ ਆਪਣੀ ਮਹੱਤਤਾ ਹੈ ਅਤੇ ਹਰੇਕ ਵਿਸ਼ੇ ਨੂੰ ਫਰੀਦ ਜੀ ਨੇ ਬਹੁਤ ਭਾਵਪੂਰਨ ਤਰੀਕੇ ਨਾਲ ਬਿਆਨ ਕੀਤਾ ਹੈ।

ਫ਼ਰੀਦ ਜੀ ਦੀ ਬਾਣੀ ਵਿੱਚ ਪਰਮ ਅਨੁਭਵ ਪ੍ਰਮਾਤਮਾ ਦਾ ਸਰੂਪ ਉਭਰਦਾ ਹੈ।

1. **ਪਰਮਾਤਮਾ ਦਾ ਸਰੂਪ:** ਫ਼ਰੀਦ ਜੀ ਅਨੁਸਾਰ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈ। ਉਹ ਆਪ ਹੀ ਕਣ-ਕਣ ਵਿਚ ਵੱਸਿਆ ਹੋਇਆ ਹੈ। ਸਾਰੇ ਜੀਵ ਇਸ ਪਰਮਾਤਮਾ ਦੇ ਹੀ ਬਣਾਏ ਹੋਏ ਹਨ ਅਤੇ ਉਹ ਆਪ ਸਭ ਵਿਚ ਬਿਰਾਜਮਾਨ ਹੈ। ਉਹ ਪ੍ਰਭੂ ਜਦੋਂ ਸਭ ਵਿਚ ਹੈ ਅਤੇ ਸਭ ਉਸ ਦੇ ਹਨ ਤਾਂ ਫਿਰ ਚੰਗਾ ਮੰਦਾ ਕਿਸ ਨੂੰ ਆਖਿਆ ਜਾਵੇ।

ਫਰੀਦ ਜੀ ਲਿਖਦੇ ਹਨ:

- ॥ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
  ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥

ਸਾਰੀ ਸ੍ਰਿਸ਼ਟੀ ਉਸ ਪਰਮਾਤਮਾ ਦੇ ਹੁਕਮ ਅਨੁਸਾਰ ਚੱਲਦੀ ਹੈ। ਉਸ ਦੀ ਰਜ਼ਾ ਤੋਂ ਬਿਨਾਂ ਤਾਂ ਪੱਤਾ ਵੀ ਨਹੀਂ ਹਿੱਲ ਸਕਦਾ। ਸਿਰਫ ਉਹ ਪਰਮਾਤਮਾ ਹੀ ਨਾਸ਼ ਰਹਿਤ ਹੈ, ਬਾਕੀ ਸਭ ਵਸਤਾਂ ਨਾਸ਼ਮਾਨ ਹਨ। ਉਹ ਪਰਮਾਤਮਾ ਅਗਮ-ਅਪਾਰ ਹੈ। ਉਸਦਾ ਅੰਤ ਨਹੀਂ ਪਾਇਆ ਜਾ ਸਕਦਾ ਹੈ। ਪਰਮਾਤਮਾ ਇਕ ਰਹੱਸ ਹੈ। ਫਰੀਦ ਜੀ ਪਰਮਾਤਮਾ ਰੂਪੀ ਰਹੱਸ ਨੂੰ ਸਮਝਣ ਵਾਲੇ ਦੇ ਪੈਰ ਚੁੰਮਣ ਲਈ ਕਹਿੰਦੇ ਹਨ:

- ॥ਪਰਵਦਗਾਰ ਅਪਾਰ ਅਗਮ ਬੇਅੰਤ ਤੂ॥
  ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥

2. **ਪ੍ਰਭੂ-ਪ੍ਰਾਪਤੀ:** ਫ਼ਰੀਦ ਜੀ ਦੀ ਬਾਣੀ ਅਨੁਸਾਰ ਉਸ ਸੱਚੇ ਸੁੱਚੇ ਪਰਮਾਤਮਾ ਦੀ ਪ੍ਰਾਪਤੀ ਉਸ ਦਾ ਨਾਮ ਧਿਆਉਣ ਅਤੇ ਚੰਗੇ ਕਰਮ ਕਰਨ ਨਾਲ ਹੁੰਦੀ ਹੈ। ਪ੍ਰਭੂ ਪ੍ਰਾਪਤੀ ਲਈ ਜੀਵਾਤਮਾ ਨੂੰ ਆਪਾ ਭਾਵ ਪਰਮਾਤਮਾ ਦੇ ਚਰਨਾਂ ਵਿਚ ਅਰਪਨ ਕਰਨਾ ਪੈਂਦਾ ਹੈ।

'ਡਾ. ਧਰਮਪਾਲ ਸਿੰਗਲ' ਫਰੀਦ ਬਾਣੀ ਵਿਚਲੇ

ਪ੍ਰਭੂ-ਪ੍ਰਾਪਤੀ ਦੇ ਸੰਕਲਪ ਨਾਲ ਸੰਬੰਧਿਤ 15 ਵੇਂ ਸਲੋਕ ਨੂੰ ਅਧਾਰ ਬਣਾ ਕੇ ਲਿਖਦੇ ਹਨ ਕਿ "ਇਕ ਹੋਰ ਸ਼ਰਤ ਪ੍ਰਭੂ ਜੀ ਬੰਦੇ ਤੇ ਲਾਉਂਦੇ ਹਨ। ਜੇ ਹੇ ਬੰਦੇ! ਤੂੰ ਮੇਰਾ ਹੋ ਜਾਵੇਂ, ਮੇਰੇ ਅੱਗੇ ਸੰਪੂਰਨ ਤੌਰ ਤੇ ਆਤਮ ਸਮਰਪਣ ਕਰ ਦੇਵੇਂ ਤਾਂ ਸਮਝੋ ਸਾਰਾ ਜਗਤ ਤੈਨੂੰ ਮਿਲ ਜਾਵੇਗਾ, ਤੇਰੀ ਝੋਲੀ ਵਿਚ ਆ ਪਵੇਗਾ, ਕਿਉਂਕਿ ਮੈਂ ਮਿਲਾਂਗਾ ਤਾਂ ਮੈਂ ਹੀ ਜਗਤਪਤੀ ਹਾਂ। ਮੈਂ ਮਿਲ ਗਿਆ ਤਾਂ ਸਮਝੋ ਸਾਰਾ ਜਹਾਨ ਤੇਰਾ ਹੋ ਗਿਆ।"
ਫਰੀਦ ਜੀ ਲਿਖਦੇ ਹਨ:

> ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
> ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

3. **ਪਰਮਾਤਮਾ ਨਾਲ ਪ੍ਰੇਮ:** ਫਰੀਦ ਜੀ ਜੀਵਾਤਮਾ ਨੂੰ ਪ੍ਰਭੂ-ਪ੍ਰੀਤਮ ਨਾਲ ਸੱਚੀ ਪ੍ਰੀਤ ਪਾਉਣ ਦੀ ਪ੍ਰੇਰਨਾ ਦਿੰਦੇ ਹਨ। ਜੀਵਾਤਮਾ ਪਰਮਾਤਮਾ ਦੇ ਪ੍ਰੇਮ ਵਿਚ ਰੰਗੀ ਹੋਈ ਹੈ। ਉਸ ਪਰਮਾਤਮਾ ਤੋਂ ਵਿਛੜਣ ਦੀ ਹਾਲਤ ਵਿਚ ਜੀਵਾਤਮਾ ਨੂੰ ਫਰੀਦ ਜੀ ਨੇ 'ਸੁਹਾਗਣ' ਦੇ ਰੂਪ ਵਿਚ ਰੂਪਮਾਨ ਕੀਤਾ ਹੈ।
ਫਰੀਦ ਜੀ ਫਰਮਾਉਂਦੇ ਹਨ:

> ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
> ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥

ਫਰੀਦ ਜੀ ਜੀਵਾਤਮਾ ਦੇ ਅੰਦਰ ਉਸ ਪਰਮਾਤਮਾ ਨਾਲ ਪਿਆਰ ਨਾ ਉਪਜਣ ਦੀ ਅਵਸਥਾ ਨੂੰ 'ਬਿਰਹਾ' ਦੀ ਅਵਸਥਾ ਕਹਿੰਦੇ ਹਨ। ਜਿਸ ਜੀਵਾਤਮਾ ਅੰਦਰ ਬਿਰਹਾ ਨਹੀਂ ਉਪਜਦਾ, ਉਸ ਨੂੰ ਮਸਾਣ ਦੇ ਬਰਾਬਰ ਮੰਨਿਆ ਜਾਂਦਾ ਹੈ।

> ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
> ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ

ਫਰੀਦ ਜੀ ਪ੍ਰਭੂ ਪ੍ਰੇਮ ਤੋਂ ਬਿਨਾਂ ਮਨੁੱਖੀ ਜੋਬਨ ਜਾਂ ਜਵਾਨੀ ਨੂੰ ਫਜ਼ੂਲ ਸਮਝਦੇ ਹਨ। ਫਰੀਦ ਜੀ ਅਨੁਸਾਰ ਸੰਸਾਰ ਵਿੱਚ ਕਿੰਨੇ ਹੀ ਜੋਬਨ ਪ੍ਰਭੂ ਪ੍ਰੀਤ ਬਿਨਾਂ ਵਿਅਰਥ ਗਏ ਹਨ। ਪਰਮਾਤਮਾ ਦੇ ਪ੍ਰੇਮ ਨਾਲ ਮਨ ਉੱਤੇ ਪੱਕਾ ਰਸਾਉਂਦਾ ਹੈ ਤੇ ਉਸ ਤੋਂ ਬਿਨਾਂ ਜਵਾਨੀ ਵਿਚ ਵੀ ਮਨ ਤੇ ਪਿਹਗ ਮੁਰਝਾ ਜਾਂਦੇ ਹਨ:

> ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ॥
> ਫਰੀਦਾ ਕਿਤੀ ਜੋਬਨ ਪ੍ਰੀਤ ਬਿਨੁ ਸੁਕਿ ਗਏ ਕੁਮਲਾਇ॥

4. **ਮੁਰਸ਼ਦ ਦੀ ਲੋੜ :** ਫਰੀਦ ਬਾਣੀ ਵਿਚ ਮੁਰਸ਼ਦ/ ਗੁਰੂ ਦੀ ਲੋੜ ਅਤੇ ਦਰਜੇ ਨੂੰ ਬਾਖੂਬੀ ਬਿਆਨ ਕੀਤਾ ਗਿਆ ਹੈ ਕਿਉਂਕਿ ਇਹ ਬਾਣੀ ਮਨੁੱਖ ਨੂੰ 'ਦਰਵੇਸ਼ੀ ਵਾਲਾ ਜੀਵਨ ਜੀਊਣ ਦਾ ਉਪਦੇਸ਼ ਦਿੰਦੀ ਹੋਈ ਕਿਸੇ ਸੱਚੇ ਗੁਰੂ ਜਾਂ ਮੁਰਸ਼ਦ ਦਾ ਮੁਰੀਦ ਬਣਨ ਦੀ ਪ੍ਰੇਰਨਾ ਵੀ ਦਿੰਦੀ ਹੈ। ਬੜੇ ਚੰਗੇ ਭਾਗਾਂ ਨਾਲ ਸੱਚਾ ਗੁਰੂ ਮਿਲਦਾ ਹੈ। ਉਸਦੇ ਹੁਕਮ ਵਿਚ ਰਹਿ ਕੇ ਨਾਮ ਸਿਮਰਨ ਕਰਨਾ ਚਾਹੀਦਾ ਹੈ ਅਤੇ ਗੁਰੂ ਦੇ ਦੱਸੇ ਰਸਤੇ ਉਪਰ ਹੀ ਚਲਣਾ ਚਾਹੀਦਾ ਹੈ। ਫਰੀਦ ਜੀ ਲਿਖਦੇ ਹਨ:

> ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥
> ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥

ਫਰੀਦ ਜੀ ਕਹਿੰਦੇ ਹਨ ਕਿ ਗੁਰੂ ਦੀ ਕਿਰਪਾ ਤਦ ਹੀ ਹੋ ਸਕਦੀ ਹੈ ਜੇ ਮਨੁੱਖ ਦਾ ਉਸ ਨਾਲ ਸੱਚਾ ਤੇ ਪੱਕਾ ਪ੍ਰੇਮ ਹੋਵੇ। ਇਸ ਪ੍ਰੇਮ ਦੀ ਦੁਬਿਧਾ ਵਿਚ ਫਸੇ ਹੋਏ ਮਨੁੱਖ ਦਾ ਚਿੱਤਰ ਬਾਬਾ ਫਰੀਦ ਜੀ ਇਉਂ ਖਿੱਚਦੇ ਹਨ:

> ਫਰੀਦਾ ਗਲੀਐ ਚਿਕੜੁ ਦੂਰਿ ਘਰਿ ਨਾਲਿ ਪਿਆਰੇ ਨੇਹੁ॥
> ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥

ਬਾਬਾ ਫਰੀਦ ਜੀ ਗੁਰੂ ਦੇ ਪ੍ਰੇਮ ਤੋਂ ਹਰ ਵਸਤੂ ਅਤੇ ਹਰ ਮੁਸ਼ਕਲ ਜਾਂ ਤਕਲੀਫ ਨੂੰ ਨੀਵਾਂ ਸਮਝਦੇ ਹਨ। ਉਹਨਾਂ ਅਨੁਸਾਰ ਭਾਵੇਂ ਇਨਸਾਨ ਨੂੰ ਜਿੰਨੇ ਵੀ ਕਸ਼ਟ ਕਿਉਂ ਨਾ ਸਹਿਣ ਕਰਨੇ ਪੈਣ, ਪਰ ਉਸਨੂੰ ਮੁਰਸ਼ਦ ਦਾ ਪੱਲਾ ਨਹੀਂ ਛੱਡਣਾ ਚਾਹੀਦਾ।

ਫਰੀਦ ਜੀ ਫਰਮਾਉਂਦੇ ਹਨ:

॥ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

ਇਸ ਤਰ੍ਹਾਂ ਫਰੀਦ ਜੀ ਦੀ ਬਾਣੀ ਦਾ ਆਸ਼ਾ ਗੁਰਬਾਣੀ ਨਾਲ ਮਿਲਦਾ ਹੈ ਤੇ ਉਨਾਂ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਕੇਵਲ ਸਤਿਗੁਰੂ ਜਾਂ ਗੁਰੂ ਰਾਹੀਂ ਹੀ ਹੋ ਸਕਦੀ ਹੈ।

5. **ਸ਼ਰੀਅਤ ਦੀ ਪਾਬੰਦੀ:** ਫਰੀਦ ਜੀ ਮੁੱਢਲੇ ਸੂਫੀ ਸਾਧਕ ਸਨ। ਉਹ ਸ਼ਰੀਅਤ ਦੇ ਪਾਬੰਦ ਹਨ। ਕਿਉਂਕਿ ਸ਼ਰੀਅਤ ਇਕ ਜੀਵਨ ਨਿਯਮਾਂਵਲੀ ਹੈ ਜਿਹੜੀ ਜੀਵਨ ਦੇ ਧਾਰਮਿਕ, ਆਚਰਣਕ, ਸਮਾਜਿਕ, ਰਾਜਸੀ ਤੇ ਆਰਥਿਕ ਆਦਿ ਪੱਖਾਂ ਉਤੇ ਲਾਗੂ ਹੁੰਦੀ ਹੈ। ਧਾਰਮਿਕ ਪੱਖ ਤੋਂ ਮੁਸਲਮਾਨ ਨੂੰ ਰੱਬ, ਫਰਿਸ਼ਤਿਆਂ, ਕੁਰਾਨ, ਪੈਗੰਬਰ ਤੇ ਕਿਆਮਤ ਦੇ ਦਿਨ ਉਤੇ ਵਿਸ਼ਵਾਸ਼ ਕਰਨਾ ਚਾਹੀਦਾ ਹੈ। ਉਸ ਦਾ ਜੀਵਨ ਨਿਮਰਤਾ, ਸਬਰ ਸੰਤੋਖ, ਦਇਆ, ਨਿਆਇ ਤੇ ਸੁੱਚਤਾ ਉਤੇ ਅਧਾਰਿਤ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਫਰੀਦ ਜੀ ਸ਼ਰੀਅਤ ਦੀ ਪਾਲਣਾ ਕਰਨਾ ਆਪਣਾ ਮੁੱਢਲਾ ਫਰਜ਼ ਸਮਝਦੇ ਹਨ। ਸ਼ਰੀਅਤ ਅਨੁਸਾਰ ਨਾ ਚੱਲਣ ਵਾਲੇ ਨੂੰ ਫਰੀਦ ਜੀ ਬੜੀ ਕਠੋਰਤਾ ਨਾਲ ਲੈਂਦੇ ਹਨ। ਉਨਾਂ ਅਨੁਸਾਰ ਜੋ ਨਮਾਜ਼ ਨਹੀਂ ਪੜਦੇ, ਸਿਰ ਨਹੀਂ ਝੁਕਾਉਂਦੇ, ਅਜਿਹੇ ਸਿਰਾਂ ਦੇ ਮਾਲਕਾਂ ਨੂੰ ਹਾਂਡੀ ਹੇਠਾਂ ਬਾਲਣ ਦੀ ਥਾਂ ਬਾਲ ਦੇਣਾ ਚਾਹੀਦਾ ਹੈ।

॥ਜੋ ਸਿਰ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤ॥

ਉਪਰੋਕਤ ਸਲੋਕਾਂ ਤੋਂ ਫਰੀਦ ਜੀ ਦੀ ਸ਼ਰੀਅਤ ਅਧਾਰਿਤ ਵਿਚਾਰਧਾਰਾ ਦ੍ਰਿਸ਼ਟੀਗੋਚਰ ਹੁੰਦੀ ਹੈ। ਫਰੀਦ ਜੀ ਮਨੁਖ ਨੂੰ ਸ਼ਰੀਅਤ ਦੇ ਧਾਰਨੀ ਬਣ ਕੇ ਜੀਵਨ ਬਤੀਤ ਕਰਨ ਅਤੇ ਸ਼ਰੀਅਤ ਦੇ ਨਿਯਮਾਂ ਤੇ ਚੱਲਣ ਦਾ ਉਪਦੇਸ਼ ਦਿੰਦੇ ਹਨ।

6. **ਨੈਤਿਕਤਾ ਅਤੇ ਸਦਾਚਾਰਕ ਸਿੱਖਿਆ:** ਫਰੀਦ ਬਾਣੀ ਨੈਤਿਕ ਪਾਠ ਦੇ ਬਹੁਤ ਨੇੜੇ ਹੈ ਕਿਉਂਕਿ ਇਸ ਬਾਣੀ ਵਿਚ ਫਰੀਦ ਜੀ ਮਨੁੱਖ ਨੂੰ ਸਾਦਾ ਜੀਵਨ ਜੀਉਣ, ਗੁੱਸਾ ਨਾ ਕਰਨ, ਬੁਰੇ ਦਾ ਭਲਾ ਕਰਨ, ਨਿਮਰਤਾ, ਮਿੱਠਾ ਬੋਲਣ ਅਤੇ ਹੱਕ ਸੱਚ ਉੱਤੇ ਤੁਰਨ ਦਾ ਸੰਦੇਸ਼ ਦਿੰਦੇ ਹਨ।

ਸ਼ੇਖ ਫਰੀਦ ਜੀ ਦਾ ਵਿਚਾਰ ਹੈ ਕਿ ਜੇਕਰ ਕੋਈ ਵਿਅਕਤੀ ਤੁਹਾਨੂੰ ਦੁੱਖ ਦਿੰਦਾ ਹੈ ਤਾਂ ਆਪਣੀ ਸੋਚਣੀ ਵਿਚ ਦੁੱਖ ਦੇਣ ਵਾਲੇ ਨਾਲ ਬਦਲੇ ਦੀ ਭਾਵਨਾ ਦਾ ਤਿਆਗ ਕਰਕੇ ਉਸਦਾ ਨਿਮਰਤਾਪੂਰਵਕ ਸਤਿਕਾਰ ਕਰਨਾ ਚਾਹੀਦਾ ਹੈ।

ਫਰੀਦਾ ਜੋ ਤੈਂ ਮਾਰਨਿ ਮੁਕੀਆ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁੰਮਿ॥

ਫਰੀਦ ਜੀ ਦੀ ਸਦਾਚਾਰਕ ਪੱਖੀ ਵਿਚਾਰਧਾਰਾ ਵਿੱਚ ਸਵੈ ਕਾਬੂ ਕੇਂਦਰੀ ਨਿਯਮ ਹੈ, ਜਿਸ ਦਾ ਪ੍ਰਗਟਾਵਾ ਫਰੀਦ ਜੀ ਨੇ ਅਨੇਕਾਂ ਸਲੋਕਾਂ ਵਿਚ ਕੀਤਾ ਹੈ। ਜਿਵੇਂ:

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥

ਫਰੀਦ ਜੀ ਅਨੁਸਾਰ ਮਨੁੱਖ ਨੂੰ ਸਬਰ ਸੰਤੋਖ ਤੇ ਸਹਿਨਸ਼ੀਲਤਾ ਦੀ ਭਾਵਨਾ ਰੱਖਣੀ ਚਾਹੀਦੀ ਹੈ। ਲੋਭ ਲਾਲਸਾ ਚ 'ਪੈ' ਕੇ ਇੰਨੀ ਘਾਲਣਾ ਪਿਛੋਂ ਮਿਲੇ ਮਨੁੱਖੀ ਜਾਮੇ ਨੂੰ ਵਿਅਰਥ ਨਹੀਂ ਗੁਆਉਣਾ ਚਾਹੀਦਾ। ਇਸਦੇ ਨਾਲ ਹੀ ਕਿਸੇ ਦੀ ਨੁਕਤਾਚੀਨੀ ਨਹੀਂ ਕਰਨੀ ਚਾਹੀਦੀ। ਅਜਿਹਾ ਕਰਨ ਤੋਂ ਪਹਿਲਾਂ ਉਸ ਨੂੰ ਸਵੈ ਮੁਲਾਂਕਣ ਕਰ ਲੈਣਾ ਚਾਹੀਦਾ ਹੈ ਕਿ ਉਹ ਆਪ ਸਰਬ ਗੁਣ ਸੰਪੰਨ ਹੈ ਜਾਂ ਨਹੀਂ।

ਫਰੀਦ ਜੀ ਫਰਮਾਉਂਦੇ ਹਨ :

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥

ਇੰਞ ਫਰੀਦ ਜੀ ਨੇ ਮਨੁੱਖ ਨੂੰ ਸਦਾਚਾਰਕ ਪੱਖੋਂ ਬਿਹਤਰ ਇਨਸਾਨ ਬਣਨ ਲਈ ਸਾਚ ਅਤੇ ਹੱਕ ਹਲਾਲ ਦੀ ਖਾਣ, ਨਿੰਦਾ ਚੁਗਲੀ, ਗੁੱਸੇ ਆਦਿ ਤੋਂ ਬਚਣ ਅਤੇ ਅਜਿਹੇ ਕੰਮ ਕਰਨ ਦੀ ਸਿਖਿਆ ਦਿੱਤੀ ਹੈ, ਜਿਨਾਂ ਨਾਲ ਉਸ ਦੀ ਅੱਲ੍ਹਾ ਦੇ ਦਰਬਾਰ ਵਿਚ ਪ੍ਰਸ਼ੰਸਾ ਤੇ ਪ੍ਰਵਾਨਗੀ ਹੋਵੇ।

7. ਖੁਦਾ ਦੀ ਰਜ਼ਾ ਵਿਚ ਰਹਿਣਾ : ਫਰੀਦ ਬਾਣੀ ਵਿਚ ਜੀਵਾਤਮਾ ਨੂੰ ਰੱਬੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ ਕਿਉਂਕਿ 'ਤੁਵੱਕਲ' ਦਾ ਅਰਥ ਹੈ 'ਰੱਬ ਵਿਚ ਪੂਰਨ ਭਰੋਸਾ'। ਇਸ ਸਿਧਾਂਤ ਅਨੁਸਾਰ ਜੀਵਾਤਮਾ ਨੂੰ ਰੱਬੀ ਰਜ਼ਾ ਵਿਚ ਖੁਸ਼ ਰਹਿਣਾ ਚਾਹੀਦਾ ਹੈ। ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ,

"'ਹਰ ਪ੍ਰਾਣੀ ਦੁੱਖ ਸੁੱਖ ਨੂੰ ਰੱਬ ਦੀ ਰਜ਼ਾ ਮੰਨ ਕੇ ਧੀਰਜ ਨਾਲ ਬਰਦਾਸ਼ਤ ਕਰਦਾ ਹੈ ਤੇ ਇਉਂ ਰੱਬ ਦੇ ਸੰਜੋਗ ਦਾ ਭਾਗੀ ਬਣਦਾ ਹੈ।...... ਰਜ਼ਾ ਦੇ ਅਰਥ ਹੀ ਹਨ- ਹਰ ਦੁੱਖ ਸੁੱਖ ਨੂੰ

ਰੱਬ ਵੱਲੋਂ ਆਇਆ ਮੰਨ ਕੇ
ਖੁਸ਼ੀ ਨਾਲ ਪਰਵਾਨ ਕਰਨਾ ਹੈ।"
(ਸੂਫੀਮਤ ਅਤੇ ਪੰਜਾਬੀ ਸੂਫੀ ਕਾਵਿ/86)

ਦੁੱਖ-ਸੁੱਖ ਨੂੰ ਰੱਬ ਦੀ ਰਜ਼ਾ ਮੰਨਣਾ ਚਾਹੀਦਾ ਹੈ। ਫਰੀਦ ਜੀ ਦਾ ਫੁਰਮਾਨ ਹੈ:

ਫਰੀਦਾ ਦੁੱਖ ਸੁੱਖ ਇਕ ਕਰਿ ਦਿਲ ਤੇ ਲਾਹਿ ਵਿਕਾਰੁ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ॥

ਅਧਿਆਤਮਿਕ ਜੀਵਨ ਵਿਚ ਰੱਬੀ ਰਜ਼ਾ ਵਿਚ ਰਹਿਣਾ ਅਧਿਆਤਮਿਕ ਪਾਂਧੀ ਲਈ ਬਹੁਤ ਕਠਿਨ ਹੁੰਦਾ ਹੈ। ਇਸ ਅਵਸਥਾ ਨੂੰ ਕੋਈ ਵਿਰਲਾ ਸਾਧਕ ਹੀ ਪ੍ਰਾਪਤ ਕਰ ਸਕਦਾ ਹੈ ਕਿਉਂਕਿ ਇਹ ਅਵਸਥਾ ਉਸ ਪ੍ਰਮਾਤਮਾ ਦੀ ਕਿਰਪਾ ਸਦਕਾ ਹੀ ਮਿਲਦੀ ਹੈ। ਫਰੀਦ ਜੀ ਨੇ ਜੀਵਾਤਮਾ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਲਈ ਉਦਾਹਰਣ ਦਿੱਤੀ ਹੈ ਕਿ ਜੰਗਲ ਵਿਚ ਵੱਸਦੇ ਪੰਛੀ ਵੀ ਪ੍ਰਭੂ ਦੀ ਓਟ ਨਹੀਂ ਛੱਡਦੇ। ਇਸ ਲਈ ਉਸ ਪਰਮਾਤਮਾ ਦਾ ਆਸਰਾ ਹੀ ਸਭ ਤੋਂ ਉੱਤਮ ਹੈ।
ਫਰੀਦ ਜੀ ਲਿਖਦੇ ਹਨ:

ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿੰਨਾ ਵਾਸੁ॥
ਕਕਰ ਚੁਗਨਿ ਥਲਿ ਵਸਨਿ, ਰਬ ਨ ਛੋਡਨਿ ਪਾਸੁ॥

8. ਨਿਰਾਸ਼ਾਵਾਦੀ ਕਿ ਆਸ਼ਾਵਾਦੀ ਸਰੂਪ: ਬਾਬਾ ਸ਼ੇਖ ਫਰੀਦ ਦੀ ਰਚਨਾ ਨੂੰ ਪੜਦੇ ਜਾਂ ਸੁਣਦੇ ਸਮੇਂ ਕਈ ਵਾਰ ਉਨ੍ਹਾਂ ਦੀ ਬਾਣੀ ਦੇ ਕੁਝ ਸਲੋਕ ਨਿਰਾਸ਼ਾਵਾਦੀ ਜਾਪਦੇ ਹਨ:

ਚਲੇ ਚਲਣਹਾਰ ਵਿਚਾਰਾ ਲੇਇ ਮਨੋ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥

ਅਸਲ ਵਿਚ ਸ਼ੇਖ ਫਰੀਦ ਇਕ ਫਕੀਰ, ਇਕ ਤਪੱਸਵੀ ਤੇ ਮਨੁੱਖਾਂ ਦੇ ਦੁੱਖਾਂ ਦਰਦਾਂ ਨੂੰ ਜਾਣਨ ਵਾਲੇ ਵਿਅਕਤੀ ਹੋਏ ਹਨ। ਉਨ੍ਹਾਂ ਨੇ ਇਹ ਸਲੋਕ ਮਨੁੱਖੀ ਮਨ ਅਤੇ ਮਨੁੱਖੀ ਭਾਵਾਂ ਨੂੰ ਉਤੇਜਿਤ ਕਰਨ ਲਈ ਰਚੇ ਹਨ। ਭਾਵ ਉਨ੍ਹਾਂ ਦਾ ਮਨੋਰਥ ਮਨੁੱਖੀ ਮਨ ਨੂੰ ਹਲੂਣਨਾ ਹੈ। ਇਸ ਤਰ੍ਹਾਂ 'ਡਾ. ਦੀਵਾਨ ਸਿੰਘ' ਦੇ ਕਥਨ ਅਨੁਸਾਰ ਉਨ੍ਹਾਂ ਦਾ 'ਨਿਰਾਸ਼ਾਵਾਦ ਉਸਾਰੂ' ਹੈ,

ਜਦੋਂ ਫਰੀਦ ਜੀ ਕਹਿੰਦੇ ਹਨ, ਕਿ ਮੈਂ ਸਮਝਿਆ ਕਿਤੇ ਮੈਂਨੂੰ ਹੀ ਦੁੱਖ ਹੈ, ਪਰੰਤੂ ਦੁੱਖ ਤਾਂ ਸਾਰੀ ਦੁਨੀਆਂ ਨੂੰ ਹਨ, ਭਾਵ ਦੁੱਖ ਸਰਬਵਿਆਪਕ ਹੈ ਤਾਂ ਉਹ ਉਸਾਰੂ ਜਾਂ ਆਸ਼ਾਵਾਦੀ ਵਿਚਾਰ ਪੇਸ਼ ਕਰਦੇ ਹਨ।
ਫਰੀਦ ਜੀ ਲਿਖਦੇ ਹਨ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾ ਘਰਿ ਘਰਿ ਏਹਾ ਅਗਿ॥

ਫਰੀਦ ਜੀ ਇਸ ਤਰ੍ਹਾਂ ਦੁਨੀਆ ਵੱਲ ਝਾਤੀ ਮਾਰ ਕੇ ਮਨੁੱਖ ਨੂੰ ਦੁਨੀਆ ਤੇ ਦੁੱਖਾਂ ਦੇ ਦਰਦਾਂ ਤੋਂ ਵਾਕਿਫ ਕਰਾਉਂਦੇ ਹਨ ਤੇ ਪ੍ਰਭੂ ਵੱਲ ਉਸ ਦੀ ਲਗਨ ਲਗਵਾਉਂਦੇ ਹਨ। ਉਹ ਕਹਿੰਦੇ ਹਨ ਕਿ ਦੁਨੀਆਂ ਦੀਆਂ ਸਾਰੀਆਂ ਚੀਜ਼ਾਂ ਖੰਡ, ਗੁੜ, ਸ਼ੱਕਰ, ਮਿਸ਼ਰੀ ਆਦਿ ਮਿੱਠੀਆ ਹਨ ਪਰੰਤੂ ਪ੍ਰਭੂ ਨੂੰ ਕੋਈ ਵੀ ਨਹੀਂ ਪੁੱਜ ਸਕਦੀ।
ਫਰੀਦ ਜੀ ਕਹਿੰਦੇ ਹਨ:

ਫਰੀਦਾ ਸ਼ੱਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥

ਇਸ ਤਰ੍ਹਾਂ ਉਨ੍ਹਾਂ ਦੇ ਨਿਰਾਸ਼ਾਵਾਦ ਦਾ ਫਲ ਆਸ਼ਾਵਾਦੀ ਹੋ ਨਿਬੜਦਾ ਹੈ। ਸ਼ੇਖ ਫਰੀਦ ਜੀ ਆਸ਼ ਨਿਰਾਸ਼ ਹੋਣ ਤੋਂ ਮੁਕਤ ਹੈ ਤੇ ਉਹ ਸਦੀਵੀ ਜੀਵਨ, ਸਦੀਵੀ ਅਨੰਦ ਤੇ ਅਧਿਆਤਮ ਰਹੱਸਵਾਦ ਭਰੀ ਭਰਪੂਰ ਤੇ ਅਖੰਡ ਆਸ਼ਾਵਾਦੀ ਹੈ।

9. **ਮੌਤ ਦਾ ਸੰਕਲਪ :** ਫਰੀਦ ਬਾਣੀ ਵਿੱਚ ਮੌਤ ਦਾ ਸੰਕਲਪ ਪ੍ਰਬਲ ਰੂਪ ਵਿਚ ਉਜਾਗਰ ਹੁੰਦਾ ਹੈ। ਇਹ ਮਨੁੱਖੀ ਜ਼ਿੰਦਗੀ ਸਦੀਵੀ ਨਹੀਂ, ਥੋੜ੍ਹ ਚਿਰੀ ਹੈ ਤੇ ਇਸਦਾ ਅੰਤ ਵੀ ਨਿਸ਼ਚਿਤ ਹੈ। ਇਸ ਸਿਧਾਂਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਇਹ ਸਹਿਣਾ ਹੀ ਪਵੇਗਾ।

'ਡਾ. ਹਰਿਭਜਨ ਸਿੰਘ' ਨੇ ਹਜ਼ਰਤ ਬਾਬਾ ਸ਼ੇਖ ਫਰੀਦ ਦੇ ਕਲਾਮ ਵਿਚ ਸਮਾਏ ਮੌਤ ਦੇ ਸੰਕਲਪ ਬਾਰੇ ਲਿਖਿਆ ਹੈ,

> "ਜਿਉਂਦੇ ਵਿਅਕਤੀਆਂ ਵਿੱਚ ਵੀ ਮੌਤ ਦੀ ਵਿਰਲੀ ਜਿਹੀ ਚੇਤਨਾ ਬਣੀ ਰਹਿੰਦੀ ਹੈ! ਫਰੀਦ ਵਿੱਚ ਅਜਿਹੀ ਚੇਤਨਾ ਕਿਧਰੇ ਜ਼ਿਆਦਾ ਤੀਬਰ ਹੈ। ਭਾਵ ਦੀ ਤੀਬਰਤਾ ਉਸਦੇ ਰਹੱਸਵਾਦ ਦਾ ਉੱਘਾ ਲੱਛਣ ਹੈ।"

(ਪੰਜਾਬੀ ਸੂਫੀ ਕਾਵਿ : ਚਿੰਤਨ ਤੇ ਜੀਵਨ/56)

ਫਰੀਦ ਬਾਣੀ ਵਿਚ ਮੌਤ ਨੂੰ ਤਿੰਨ ਪ੍ਰਕਾਰ ਦੇ ਰੂਪਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ। ਪਹਿਲੀ ਕਿਸਮ ਦੀ ਮੌਤ ਬਹੁਤ ਹੀ ਕਠੋਰ ਅਤੇ ਭਿਆਨਕ ਹੁੰਦੀ ਹੈ। ਦੂਜੀ ਕਿਸਮ ਦੀ ਮੌਤ ਬਿਰਧ ਅਵਸਥਾ ਵਾਲੀ ਹੈ ਅਤੇ ਤੀਜੀ ਕਿਸਮ ਦੀ ਮੌਤ ਸ੍ਰਿਸ਼ਟੀ ਦੀ ਹਰ ਵਸਤੂ ਦੀ ਮੌਤ ਹੈ ਕਿਉਂਕਿ ਹਰ ਚੀਜ਼ ਨਾਸ਼ਮਾਨ ਹੈ। ਫਰੀਦ ਜੀ ਅਨੁਸਾਰ ਸਭ ਪਦਾਰਥਕ ਵਸਤਾਂ ਇਥੇ ਹੀ ਰਹਿ ਜਾਣੀਆਂ ਹਨ, ਜੀਵਾਤਮਾ ਨੇ ਖਾਲੀ ਹੱਥ ਇਸ ਜਗਤ ਤੋਂ ਤੁਰ ਜਾਣਾ ਹੈ।

ਫਰੀਦ ਜੀ ਲਿਖਦੇ ਹਨ:

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥
ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥

ਮਨੁੱਖੀ ਮੌਤ ਅਟੱਲ ਹੈ ਕਿਉਂਕਿ ਇਸ ਨਿਸ਼ਚਿਤ ਸਮੇਂ ਅਚਨਚੇਤ ਹੀ ਆ ਮੂੰਹ ਵਿਖਾਉਂਦਾ ਹੈ, ਜਿਵੇਂ:

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥

* * * * *

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

10. **ਆਪੇ ਦੀ ਪਛਾਣ:** ਫ਼ਰੀਦ ਜੀ ਨੇ ਆਪੇ ਦੀ ਪਛਾਣ ਨੂੰ ਸੁੱਖਾਂ ਦਾ ਕੇਂਦਰ ਬਿੰਦੂ ਮੰਨਿਆ ਹੈ। ਉਨ੍ਹਾਂ ਅਨੁਸਾਰ ਜਿਹੜੇ ਲੋਕ ਆਪਣੇ ਆਪ ਨੂੰ ਜਾਣ ਲੈਂਦੇ ਹਨ, ਭਾਵ ਆਪਣੇ ਆਪ ਨੂੰ ਸੰਵਾਰ ਲੈਂਦੇ ਹਨ, ਉਨ੍ਹਾਂ ਨੂੰ ਹਰ ਪਾਸੇ ਤੋਂ ਸੁੱਖ ਮਿਲਦਾ ਹੈ। ਪਰ ਆਪੇ ਦੀ ਪਛਾਣ ਪ੍ਰਭੂ ਨਾਲ ਇਕ ਹੋਣ ਤੇ ਹੀ ਪ੍ਰਾਪਤ ਹੁੰਦੀ ਹੈ, ਜੋ ਮਨੁੱਖ ਪ੍ਰਭੂ ਦਾ ਹੋ ਜਾਵੇ ਤਾਂ ਸਾਰਾ ਸੰਸਾਰ ਹੀ ਉਸ ਪ੍ਰਾਣੀ ਦਾ ਹੋ ਜਾਂਦਾ ਹੈ।
ਫਰੀਦ ਜੀ ਲਿਖਦੇ ਹਨ:

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥

ਫਰੀਦ ਜੀ ਅਨੁਸਾਰ ਪਰਮਾਤਮਾ ਦੀ ਭਾਲ ਜੰਗਲ ਬੇਲਿਆਂ ਵਿਚੋਂ ਨਹੀਂ ਹੋ ਸਕਦੀ, ਸਗੋਂ ਉਹ ਤਾਂ ਮਨੁੱਖੀ ਹਿਰਦੇ ਵਿਚੋਂ ਹੀ ਮਿਲ ਸਕਦਾ ਹੈ। ਜਿਹੜੇ ਲੋਕ ਬਾਹਰ ਜੰਗਲਾਂ ਤੇ ਬੀਆਬਾਨਾਂ ਵਿੱਚ ਪ੍ਰਭੂ ਦੀ ਪ੍ਰਾਪਤੀ ਲਈ ਭਟਕ ਰਹੇ ਹਨ, ਉਹ ਸਭ ਵਿਅਰਥ ਹੈ।
ਫਰੀਦ ਜੀ ਦਾ ਕਥਨ ਹੈ:

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਆਪੇ ਦੀ ਪਹਿਚਾਣ ਕਰਨੀ ਸੌਖੀ ਨਹੀਂ ਕਿਉਂਕਿ ਮਨੁੱਖੀ ਮਨ ਵਿਸ਼ੇ ਵਿਕਾਰਾਂ ਵਿਚ ਘਿਰਿਆ ਪਿਆ ਹੈ, ਇਸ ਕਾਰਨ ਮਨ ਵਿਚ ਅਗਿਆਨਤਾ ਦਾ ਹਨੇਰਾ ਮੌਜੂਦ ਰਹਿੰਦਾ ਹੈ। ਮਨ ਦੇ ਹੇਰ ਫੇਰ, ਉਚ ਨੀਚ, ਆਦਿ ਸਭ ਅਧਿਆਤਮਿਕ ਪੱਖ ਦੀਆਂ ਔਕੜਾਂ ਹਨ। ਮਨ ਵਿਚੋਂ ਇਨ੍ਹਾਂ ਵਾਧੂ / ਵਿਅਰਥ ਦੀਆਂ ਚੀਜ਼ਾਂ ਨੂੰ ਕੱਢਣ ਨਾਲ ਹੀ ਮਨ ਆਪੇ ਦੀ ਪਹਿਚਾਣ ਕਰਦਾ ਹੈ। ਇਸ ਲਈ ਮਨ ਦੀ ਸਫ਼ਾਈ ਅੰਤ ਆਵੱਸ਼ਕ ਹੈ।
ਫਰੀਦ ਜੀ ਲਿਖਦੇ ਹਨ:

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥

ਫਰੀਦ ਜੀ 'ਜੈਸਾ ਕਰਮ ਤੈਸਾ ਫਲ' ਨੂੰ ਇਨ੍ਹਾਂ ਸ਼ਬਦਾਂ ਵਿੱਚ ਇਉਂ ਪ੍ਰਗਟਾਉਂਦੇ ਹਨ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

ਸਪੱਸ਼ਟ ਹੈ ਕਿ ਇਨਸਾਨ ਜਿਹੋ ਜਿਹੇ ਕੰਮ ਕਰਦਾ ਹੈ ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਇਸ ਲਈ ਫਰੀਦ ਜੀ ਸਦਾਚਾਰ ਦੀ ਮਹੱਤਤਾ ਤੇ ਆਚਰਣ ਨਿਰਮਾਣ ਦੀ ਲੋੜ ਉੱਤੇ ਜ਼ੋਰ ਦਿੰਦੇ ਹੋਏ ਇਨਸਾਨ ਨੂੰ ਚੰਗਿਆਈਆਂ ਕਰਨ ਲਈ ਨਸੀਹਤ ਦਿੰਦੇ ਹਨ।

11. ਸਹਿਨਸ਼ੀਲਤਾ ਤੇ ਨਿਮਰਤਾ: ਸ਼ੇਖ਼ ਫ਼ਰੀਦ ਜੀ ਦੀ ਰਚਨਾ ਵਿਚ ਸਹਿਨਸ਼ੀਲਤਾ ਵਿਸ਼ੇਸ਼ ਤੌਰ ਤੇ ਪ੍ਰਗਟ ਹੋਈ ਹੈ। ਉਹ ਇਕ ਸੁਹਿਰਦ ਸੂਫ਼ੀ ਕਵੀ ਹੋਏ ਹਨ ਤੇ ਇਨਸਾਨ ਵਿਚ ਸਹਿਣਤਾ ਨੂੰ ਕੁਟ ਕੁੱਟ ਕੇ ਭਰਨਾ ਚਾਹੁੰਦੇ ਹਨ। ਇਸ ਤਰ੍ਹਾਂ ਉਹ ਸਹੀ ਅਰਥਾਂ ਵਿਚ ਇਕ ਮਾਨਵਵਾਦੀ ਸੂਫ਼ੀ ਭਗਤ ਹੋਏ ਹਨ। ਉਨ੍ਹਾਂ ਦੇ ਸੁਭਾਅ

ਚ ਇਹ ਲੱਛਣ ਉਨ੍ਹਾਂ ਦੀ ਬਾਣੀ ਵਿੱਚੋਂ ਪ੍ਰਤੱਖ ਰੂਪ ਵਿਚ ਝਲਕਾਰੇ ਮਾਰਦਾ ਹੈ।

ਫ਼ਰੀਦ ਜੀ ਫਰਮਾਉਂਦੇ ਹਨ:

ਫਰੀਦਾ ਜੋ ਤੈ ਮਾਰਨਿ ਮੁਕੀਆਂ, ਤਿਨਾ ਨਾ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ, ਪੈਰ ਤਿਨ੍ਹਾ ਦੇ ਚੁੰਮਿ॥

ਫ਼ਰੀਦ ਜੀ ਹਮੇਸ਼ਾ ਕਹਿੰਦੇ ਸਨ ਕਿ ਬੁਰੇ ਦਾ ਵੀ ਭਲਾ ਕਰਨਾ ਚਾਹੀਦਾ ਹੈ ਤੇ ਮਨ ਵਿੱਚ ਗੁੱਸਾ ਨਹੀਂ ਲਿਆਉਣਾ ਚਾਹੀਦਾ। ਇਸ ਤਰ੍ਹਾਂ ਦੇਹੀ ਵੀ ਅਰੋਗ ਤੇ ਰਾਜ਼ੀ ਹੈ। ਉਨ੍ਹਾਂ ਬੁਰਾਈ ਕਰਨ ਵਾਲੇ ਨਾਲ ਵੀ ਭਲਾਈ ਕਰਨ ਅਤੇ ਗੁੱਸੇ ਤੇ ਈਰਖਾ ਨੂੰ ਮਨੋ ਵਿਸਾਰਨ ਦਾ ਉਪਦੇਸ਼ ਦਿੱਤਾ ਹੈ।

ਫ਼ਰੀਦ ਜੀ ਲਿਖਦੇ ਹਨ:

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥

12. **ਸਾਦਗੀ ਪਸੰਦੀ:** ਫ਼ਰੀਦ ਜੀ ਸਾਦਾ ਜੀਵਨ ਜਿਉਣ, ਦਿਲ ਵਿੱਚ ਗੁੱਸਾ ਨਾ ਕਰਨ, ਬੁਰੇ ਦਾ ਭਲਾ ਕਰਨ, ਨਿਮਰਤਾ ਤੇ ਮਿਠਾ ਬੋਲਾ ਜੀਵਨ ਜੀਣ ਉੱਤੇ ਜ਼ੋਰ ਦਿੰਦੇ ਸਨ। ਇਹੋ ਕਾਰਨ ਹੈ ਕਿ ਉਨ੍ਹਾਂ ਦੀਆਂ ਕਈ ਕਾਵਿ ਟੁਕੜੀਆਂ ਸਾਦਗੀ ਤੇ ਮਿਠਾਸ ਸਦਕਾ ਅਖੌਤਾਂ ਦਾ ਰੂਪ ਧਾਰਨ ਕਰ ਗਈਆਂ ਸਨ।

ਉਦਾਹਰਨ:

- ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
  ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥

- ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥
  ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁਖ॥

ਸ਼ੇਖ਼ ਫ਼ਰੀਦ ਪੰਜਾਬੀ ਕਾਵਿ ਖੇਤਰ ਵਿਚ ਪਹਿਲੇ ਸਮਾਜਵਾਦੀ ਕਵੀ ਹੋਏ ਹਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮਨੁੱਖਤਾ ਦੀ ਆਜ਼ਾਦੀ ਲਈ ਤੇ ਆਰਥਿਕ ਨਾ ਬਰਾਬਰੀ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਨੇ ਪਰਾਧੀਨਤਾ ਦੇ ਵਿਰੁੱਧ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤੀ। ਉਨ੍ਹਾਂ ਸੁਤੰਤਰ ਜੀਵਨ ਜਿਉਣ ਨੂੰ ਹੀ ਉੱਤਮ ਕਿਹਾ ਹੈ:

ਫਰੀਦਾ ਬਾਰਿ ਪਰਾਇਐ ਬੈਸਣ ਸਾਂਈ ਮੁਝੈ ਨ ਦੇਹਿ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਸੋ ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਫ਼ਰੀਦ ਜੀ ਦੀ ਵਿਚਾਰਧਾਰਾ ਉਨ੍ਹਾਂ ਦੇ ਜੀਵਨ ਦੇ ਵਿਸ਼ਾਲ ਅਨੁਭਵ ਨੂੰ ਰੂਪਮਾਨ ਕਰਦੀ ਹੈ। ਫਰੀਦ ਬਾਣੀ ਅਖਾਣ ਗੁਣਾਂ ਦਾ ਖ਼ਜ਼ਾਨਾ ਹੈ ਕਿਉਂਕਿ ਫਰੀਦ ਜੀ ਵਿਭਿੰਨ ਵਿਸ਼ਿਆਂ ਨੂੰ ਢੁਕਵੀਂ ਭਾਸ਼ਾ ਸ਼ੈਲੀ ਵਿਚ ਨਿਬੱਧ ਕਰਦੇ ਹਨ। ਫਰੀਦ ਬਾਣੀ ਮਨੁੱਖਤਾ ਦੇ ਮਾਰਗ ਦਰਸ਼ਕ ਵਜੋਂ ਸਹਾਈ ਹੈ ਕੇ ਮਨੁੱਖ ਦਾ ਮਾਰਗ ਦਰਸ਼ਨ ਕਰਦੀ ਹੈ ਅਤੇ ਉਨ੍ਹਾਂ ਨੂੰ ਇਸ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਨਿਕਲਣ ਦੇ ਸੁਝਾਅ ਦਿੰਦੀ ਹੈ। ਇਸ ਪ੍ਰਕਾਰ ਫਰੀਦ ਜੀ ਦੀ ਬਾਣੀ ਵਿਚਲੀ ਵਿਚਾਰਧਾਰਾ ਉਨ੍ਹਾਂ ਦੀ ਸ਼ਖ਼ਸੀਅਤ ਦੇ ਅਨੇਕਾਂ ਗੁਣਾਂ ਨੂੰ ਉਜਾਗਰ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ।